**ਇਸ ਜਾਣਕਾਰੀ ਨੂੰ ਆਪਣੇ ਪਰਿਵਾਰ ਨਾਲ**

**ਸਾਂਝਾ ਕਰੋ**

# ਜੀ ਆਇਆਂ ਨੂੰ!

## ਹੁਣ ਕਿਉਂ ਕਿ ਮੈਂ ਅਮਰੀਕਾ ਵਿੱਚ ਹਾਂ, ਤਾਂ ਮੇਰੇ ਪਰਵਾਸ ਸੰਬੰਧੀ ਕੇਸ ਨਾਲ ਕੀ ਹੋਵੇਗਾ?

ਤੁਹਾਨੂੰ **ਦੋ ਵੱਖ-ਵੱਖ** ਪ੍ਰਕਿਰਿਆਵਾਂ ਦੀ ਪਾਲਣਾ ਕਰਨੀ ਹੋਵੇਗੀ

ਤੁਹਾਡੀ ICE **ਚੈੱਕ-ਇਨ**

ਇਮੀਗ੍ਰੇਸ਼ਨ ਅਦਾਲਤ ਵਿੱਚ ਤੁਹਾਡੀਆਂ **ਮੁਲਾਕਾਤਾਂ (ਸੁਣਵਾਈਆਂ)**

1. **ਆਪਣੀਆਂ ਸਾਰੀਆਂ ICE (ਇਮੀਗ੍ਰੈਂਟਸ ਐਂਡ ਕਸਟਮ ਐਨਫੋਰਸਮੈਂਟ) ਚੈੱਕ-ਇਨਸ 'ਤੇ ਜਾਓ**

ਤੁਹਾਡਾ ਕੇਸ ਦੇ ਅਦਾਲਤ ਵਿੱਚ ਵਿਚਾਰ ਅਧੀਨ ਦੌਰਾਨ ਇਹ ਚੈੱਕ-ਇਨ ICE (ਇਮੀਗ੍ਰੈਂਟਸ ਐਂਡ ਕਸਟਮ ਐਨਫੋਰਸਮੈਂਟ) ਲਈ ਅਮਰੀਕਾ ਵਿੱਚ ਤੁਹਾਡੇ ਟਿਕਾਣੇ 'ਤੇ ਨਜ਼ਰ ਰੱਖ ਲਈ ਹਨ। ਆਪਣੇ ICE ਚੈੱਕ-ਇਨ ਵਿੱਚ ਨਾ ਜਾਣ ਦੇ ਨਤੀਜੇ ਵਜੋਂ ICE ਤੁਹਾਨੂੰ ਵਾਪਸ ਨਜ਼ਰਬੰਦੀ ਕੇਂਦਰ ਵਿੱਚ ਭੇਜ ਸਕਦਾ ਹੈ।

2. **ਇਮੀਗ੍ਰੇਸ਼ਨ ਅਦਾਲਤ ਵਿੱਚ ਆਪਣੀਆਂ ਸਾਰੀਆਂ ਮੁਲਾਕਾਤਾਂ (ਸੁਣਵਾਈਆਂ) 'ਤੇ ਜਾਓ**

ਇਹ ਮੁਲਾਕਾਤਾਂ (ਜਾਂ ਸੁਣਵਾਈਆਂ) ਇਹ ਤੈਅ ਕਰਨ ਲਈ ਹਨ ਕਿ ਕੀ ਤੁਸੀਂ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿਣ ਦੇ ਯੋਗ ਹੋਵੋਗੇ, ਜਾਂ ਜੇ ਤੁਹਾਨੂੰ ਆਪਣੇ ਦੇਸ਼ ਵਾਪਸ ਜਾਣਾ ਪਏਗਾ। ਜੇ ਤੁਸੀਂ ਆਪਣੀਆਂ ਮੁਲਾਕਾਤਾਂ 'ਤੇ ਨਹੀਂ ਜਾਂਦੇ ਹੋ, ਤਾਂ ਇਸ ਗੱਲ ਦੀ ਬਹੁਤ ਸੰਭਾਵਨਾ ਹੈ ਕਿ ਜੱਜ ਤੁਹਾਨੂੰ ਦੇਸ਼ ਨਿਕਾਲੇ ਦਾ ਆਦੇਸ਼ ਦੇ ਦੇਵੇ (ਕਿ ਤੁਹਾਨੂੰ ਆਪਣੇ ਦੇਸ਼ ਵਾਪਸ ਭੇਜ ਦਿੱਤਾ ਜਾਵੇ) ਕਿਉਂਕਿ ਤੁਸੀਂ ਆਪਣੀ ਪੇਸ਼ੀ 'ਤੇ ਹਾਜ਼ਰ ਨਹੀਂ ਹੋਏ।

## ਮੈਨੂੰ ਪਰਵਾਸ ਸੰਬੰਧੀ ਅਦਾਲਤ ਵਿੱਚ ਕਦੋਂ ਜਾਣਾ ਹੁੰਦਾ ਹੈ?

ਦੋ ਹਫ਼ਤਿਆਂ ਦੇ ਅੰਦਰ-ਅੰਦਰ ਤੁਹਾਨੂੰ ਇਮੀਗ੍ਰੇਸ਼ਨ ਅਦਾਲਤ ਨਾਲ ਆਪਣੀ ਪਹਿਲੀ ਸੁਣਵਾਈ ਬਾਰੇ ਜਾਣਕਾਰੀ ਦੇਣ ਵਾਲਾ ਇੱਕ ਪੱਤਰ ਪ੍ਰਾਪਤ ਹੋਣਾ ਚਾਹੀਦਾ ਹੈ। (ਇਹ ਪੱਤਰ ਤੁਹਾਡੇ ਸਪੌਂਸਰ (ਪ੍ਰਾਯੋਜਕ) ਦੇ ਪਤੇ 'ਤੇ ਆਉਣਾ ਚਾਹੀਦਾ ਹੈ ਜੋ ਤੁਹਾਡੇ ਦੁਆਰਾ ਸਰਹੱਦ 'ਤੇ ਦਿੱਤੇ ਗਏ ਦਸਤਾਵੇਜ਼ਾਂ ਵਿੱਚ ਦਿੱਤਾ ਹੁੰਦਾ ਹੈ।) ਇਸੇ ਦੌਰਾਨ, ਇਮੀਗ੍ਰੇਸ਼ਨ ਅਦਾਲਤ ਨੂੰ ਹਫ਼ਤੇ ਵਿਚ ਘੱਟੋ ਘੱਟ ਇੱਕ ਵਾਰ 1-800-898-7180 'ਤੇ ਕਾਲ ਕਰੋ - ਕਾਲ ਕਰਕੇ ਤੁਹਾਨੂੰ ਆਪਣੀ ਪਹਿਲੀ ਅਦਾਲਤੀ ਮੁਲਾਕਾਤ ਦੀ ਮਿਤੀ ਦਾ ਪਤਾ ਉਸ ਜਾਣਕਾਰੀ ਵਾਲਾ ਪੱਤਰ ਪ੍ਰਾਪਤ ਕਰਨ ਤੋਂ ਪਹਿਲਾਂ ਲੱਗ ਸਕਦਾ ਹੈ।

- **1-800-898-7180 'ਤੇ ਕਾਲ ਕਰੋ। ਅੰਗ੍ਰੇਜ਼ੀ ਵਿਚ ਹਿਦਾਇਤਾਂ ਲਈ 1 ਦਬਾਓ (ਜਾਂ ਸਪੈਨਿਸ਼ ਵਿਚ ਨਿਰਦੇਸ਼ਾਂ ਲਈ 2 ਦਬਾਓ)।**ਸਪੇਨੀ ਭਾਸ਼ਾ ਵਿੱਚ ਹਿਦਾਇਤਾਂ ਲਈ **2** ਦਬਾਓ।
- ਨਿਰਦੇਸ਼ ਮੁਕੰਮਲ ਹੋਣ ਤੋਂ ਬਾਅਦ, ਆਪਣਾ ਏ ਨੰਬਰ ਭਰੋ।
    - ਜਾਣਕਾਰੀ ਭਾਲਣ ਲਈ, ਤੁਹਾਨੂੰ ਆਪਣੇ **A ਨੰਬਰ ਮੁਤਾਬਕ** ਖੋਜ ਕਰਨੀ ਹੋਵੇਗੀ, ਨਾਮ ਮੁਤਾਬਕ ਨਹੀਂ।
    - ਤੁਹਾਡਾ A ਨੰਬਰ ਸਰਹੱਦ 'ਤੇ ਤੁਹਾਨੂੰ ਦਿੱਤੇ ਦਸਤਾਵੇਜ਼ਾਂ ਵਿੱਚ ਦਿਖਾਈ ਦਿੰਦਾ ਹੈ।
        - ਤੁਹਾਡਾ A ਨੰਬਰ: ________________________________
        - ਤੁਹਾਡੇ ਸਾਥੀ ਦਾ A ਨੰਬਰ (ਜੇ ਉਹ ਇੱਥੇ ਤੁਹਾਡੇ ਨਾਲ ਹਨ): ________________________
        - ਤੁਹਾਡੇ ਬੱਚੇ/ਬੱਚਿਆਂ ਦਾ/ਦੇ A ਨੰਬਰ: ________________________________, ________________________________, ________________________________

**ਇਸ ਜਾਣਕਾਰੀ ਨੂੰ ਆਪਣੇ ਪਰਿਵਾਰ ਨਾਲ**

**ਸਾਂਝਾ ਕਰੋ**

- ਇਹ ਸੰਭਵ ਹੈ ਕਿ ਤੁਹਾਡੀ ਅਦਾਲਤ ਦੀ ਸੁਣਵਾਈ ਉਸੇ ਤਾਰੀਖ ਨੂੰ ਹੋਵੇ ਜਦੋਂ ਤੁਹਾਡੇ ਪਤੀ/ ਪਤਨੀ ਜਾਂ/ਅਤੇ ਤੁਹਾਡੇ ਬੱਚੇ/ਬੱਚਿਆਂ ਦੀ ਹੋਵੇ। ਪਰ ਆਪਣੇ ਪਰਿਵਾਰ ਦੇ ਹਰੇਕ ਮੈਂਬਰ ਲਈ ਹਫ਼ਤੇ ਵਿੱਚ ਇੱਕ ਵਾਰ **1-800-898-7180** 'ਤੇ ਫੋਨ ਕਰਨਾ ਮਹੱਤਵਪੂਰਨ ਹੁੰਦਾ ਹੈ।

**ਜੇ ਮੇਰੇ ਕੋਲ ਆਪਣੀ ਪਹਿਲੀ ਅਦਾਲਤ ਦੀ ਪੇਸ਼ੀ ਲਈ ਜਾਣ ਸਮੇਂ ਵਕੀਲ ਨਾ ਹੋਵੇ ਤਾਂ ਕੀ ਹੁੰਦਾ ਹੈ?**

ਡਰੋ ਨਾ! ਕੇਸ ਦੀ ਪਹਿਲੀ ਸੁਣਵਾਈ ਵੇਲੇ ਤੁਹਾਡੇ ਕੇਸ ਦਾ ਫ਼ੈਸਲਾ ਨਹੀਂ ਕੀਤਾ ਜਾਵੇਗਾ। ਤੁਸੀਂ ਜੱਜ ਨੂੰ ਵਕੀਲ ਭਾਲਣ ਲਈ ਤੁਹਾਨੂੰ ਵੱਧ ਸਮਾਂ ਦੇਣ ਲਈ ਆਖ ਸਕਦੇ ਹੋ। ਜੱਜ ਤੁਹਾਨੂੰ ਅਗਲੀ ਤਾਰੀਖ ਲਈ ਦੂਜੀ ਸੁਣਵਾਈ ਦੇ ਦੇਵੇਗਾ।

**ਮੇਰੇ ਕੇਸ ਵਿੱਚ ਮੇਰੀ ਮਦਦ ਕੌਣ ਕਰ ਸਕਦਾ ਹੈ?**

ਹੇਠਾਂ ਉਹਨਾਂ ਸੰਸਥਾਵਾਂ ਦੀ ਸੂਚੀ ਦਿੱਤੀ ਗਈ ਹੈ ਜੋ ਪ੍ਰਵਾਸੀ ਭਾਈਚਾਰਿਆਂ ਦੀ ਸੇਵਾ ਕਰਦੀਆਂ ਹਨ। ਇੱਕ ਵਾਰ ਜਦੋਂ ਤੁਸੀਂ ਆਪਣੀ ਮੰਜ਼ਲ 'ਤੇ ਪਹੁੰਚ ਜਾਂਦੇ ਹੋ, ਤੁਹਾਨੂੰ ਇਨ੍ਹਾਂ ਏਜੰਸੀਆਂ ਨਾਲ ਸੰਪਰਕ ਕਰਨਾ ਚਾਹੀਦਾ ਹੈ। ਬੱਸ ਤੁਸੀਂ ਸਭ ਨੇ ਕੁਝ ਇਸ ਤਰ੍ਹਾਂ ਕਹਿਣਾ ਹੈ:

*"ਹੈਲੋ, ਮੇਰਾ ਨਾਮ ______________________ ਹੈ। ਮੈਂ ______ ਦਿਨ ਆਪਣੇ ਬੱਚੇ/ਬੱਚਿਆਂ ਦੇ ਨਾਲ ਬਾਰਡਰ' ਤੇ ਸੀ, ਅਤੇ ਮੈਂ ਆਪਣੀ ਅਦਾਲਤ ਦੀ ਸੁਣਵਾਈ ਬਾਰੇ ਜਾਣਕਾਰੀ ਦੀ ਉਡੀਕ ਕਰ ਰਿਹਾ ਹਾਂ। ਮੇਰੇ ਸਵਾਲ ਹਨ ਅਤੇ ਮੈਨੂੰ ਆਪਣੇ ਪਰਵਾਸ ਕੇਸ ਬਾਰੇ ਕਿਸੇ ਨਾਲ ਗੱਲ ਕਰਨ ਦੀ ਲੋੜ ਹੈ।"*

ਇਸ ਸਮੇਂ ਕਾਨੂੰਨੀ ਸੇਵਾਵਾਂ ਦੀ ਬਹੁਤ ਮੰਗ ਹੈ ਇਸ ਲਈ ਬਹੁਤ ਸੰਭਾਵਨਾ ਹੈ ਕਿ ਤੁਹਾਨੂੰ ਕਿਸੇ ਵਕੀਲ ਜਾਂ ਕਾਨੂੰਨੀ ਸਹਾਇਕ ਨਾਲ ਮੁਲਾਕਾਤ ਕਰਨ ਲਈ ਕਈ ਹਫ਼ਤਿਆਂ (ਜਾਂ ਵਧੇਰੇ) ਦੀ ਉਡੀਕ ਕਰਨੀ ਪਵੇ। ਕਈ ਏਜੰਸੀਆਂ ਨੂੰ ਕਾਲ ਕਰਨਾ ਮਹੱਤਵਪੂਰਨ ਹੁੰਦਾ ਹੈ। ਕਿਰਪਾ ਕਰਕੇ ਸਬਰ ਰੱਖੋ, ਅਤੇ ਜੇ ਤੁਹਾਨੂੰ ਕਿਸੇ ਉਡੀਕ ਸੂਚੀ ਵਿੱਚ ਸਥਾਨ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਤਾਂ ਇਸਨੂੰ ਲੈ ਲਓ। ਅਤੇ ਜਦੋਂ ਤੁਸੀਂ ਕਿਸੇ ਵਕੀਲ ਜਾਂ ਕਾਨੂੰਨੀ ਸਹਾਇਕ ਨਾਲ ਤੁਹਾਡੀ ਮੁਲਾਕਾਤ ਹੋ ਜਾਂਦੀ ਹੈ, ਤਾਂ ਉਹਨਾਂ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿੰਦਿਆਂ ਉਹਨਾਂ ਨੂੰ ਸਭ ਕੁਝ ਦੱਸਣਾ ਅਤੇ ਆਪਣੀ ਸਥਿਤੀ ਬਾਰੇ ਵੇਰਵੇ ਸਾਂਝੇ ਕਰਨਾ ਬਹੁਤ ਮਹੱਤਵਪੂਰਨ ਹੁੰਦਾ ਹੈ, ਭਾਵੇਂ ਇਸ ਬਾਰੇ ਗੱਲ ਕਰਨਾ ਮੁਸ਼ਕਲ ਹੁੰਦਾ ਹੋਵੇ - ਨਾ ਡਰੋ, ਉਹ ਤੁਹਾਡੀ ਮਦਦ ਲਈ ਮੌਜੂਦ ਹੁੰਦੇ ਹਨ।

ਯਾਦ ਰੱਖੋ ਕਿ ਯੂਨਾਈਟਿਡ ਸਟੇਟਸ ਵਿਚ ਇਕ ***ਨਟਾਰੀਓ* (ਨੋਟਰੀ ਪਬਲਿਕ) ਇੱਕ ਵਕੀਲ ਨਹੀਂ ਹੁੰਦਾ**। ਕੁਝ ਅਜਿਹੇ ਲੋਕ ਹਨ ਜੋ ਆਪਣੇ ਆਪ ਇੰਝ ਨੂੰ ਪੇਸ਼ ਕਰਦੇ ਹਨ ਜਿਵੇਂ ਕਿ ਉਹ ਵਕੀਲ ਹੋਣ ਪਰ ਅਸਲ ਵਿੱਚ ਉਹ ਵਕੀਲ ਨਹੀਂ ਹੁੰਦੇ। ਕੁਝ ਵਕੀਲ ਅਜਿਹੇ ਵੀ ਹੁੰਦੇ ਹਨ ਜੋ ਸੱਚਮੁੱਚ ਵਕੀਲ ਹੁੰਦੇ ਹਨ ਪਰ ਉਹ ਪਰਵਾਸ ਕਾਨੂੰਨ ਦੇ ਮਾਹਰ ਨਹੀਂ ਹਨ। ਇਸ ਲਈ ਇਹ ਬਹੁਤ ਮਹੱਤਵਪੂਰਣ ਹੈ ਕਿ ਤੁਸੀਂ ਹੇਠ ਲਿਖੀਆਂ ਏਜੰਸੀਆਂ ਤੱਕ ਪਹੁੰਚ ਕਰੋ ਜੋ ਪ੍ਰਵਾਸੀਆਂ ਦੀ ਸਹਾਇਤਾ ਕਰਨ ਵਿੱਚ ਮਾਹਰ ਹਨ - ਇਹ ਏਜੰਸੀਆਂ ਭਰੋਸੇਯੋਗ ਅਤੇ ਸ਼ਾਨਦਾਰ ਗੁਣਵੱਤਾ ਵਾਲੀਆਂ ਹਨ, ਅਤੇ ਉਹ ਆਪਣੀਆਂ ਸੇਵਾਵਾਂ ਲਈ ਕੋਈ ਖਰਚਾ ਨਹੀਂ ਲੈਂਦੀਆਂ।